ਪੰਜਾਬ ਸਰਕਾਰ,
ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ
ਦਫਤਰ ਵਣ ਮੰਡਲ ਅਫਸਰ, ਪਟਿਆਲਾ।

E-mail: patialadfo@gmail.com, Ph. 0175-2921574

ਸੇਵਾ ਵਿਖੇ,

ਨੋਡਲ ਅਫਸਰ, (ਐਫ.ਸੀ.ਏ.) ਪੰਜਾਬ ,
ਵਣ ਭਵਨ, ਸੈਕਟਰ-68,ਐਸ.ਏ.ਐਸ. ਨਗਰ।

ਨੰਬਰ 3748 ਮਿਤੀ 18-7-22

ਵਿਸ਼ਾ: Diversion of 0.0244 ha of forest land permission for construction of approach Access CNG Station of IRM Energy Private Limited at (Sirhind-Chunni Road KM 1 to 2 R/s ) Vill: Attewali Tehsil & Distt: Fatehgarh Sahib.
**Proposal No. :** FP/PB/Approach/151976/2022

ਹਵਾਲਾ: ਸੁਪਰਡੈਂਟ ਐਫ.ਸੀ.ਏ. ਦਾ ਫਾਈਲ ਨੰਬਰ: FOREST-FCA0FC2P/53/2022-FCA
ਮਿਤੀ: 27.06.2022

ਉਪਰੋਕਤ ਵਿਸੇ ਸਬੰਧੀ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਇਤਰਾਜ ਹੇਠ ਲਿਖੇ ਅਨੁਸਾਰ ਦੂਰ ਕਰ ਦਿੱਤੇ ਗਏ ਹਨ:-

1) ਲੜੀ ਨੰਬਰ 1 ਸਬੰਧੀ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਯੂਜਰ ਏਜੰਸੀ ਵੱਲੋਂ ਵਣ ਐਕਟ 1927 ਤਹਿਤ ਉਲੰਘਣਾ ਕੀਤੀ ਗਈ ਸੀ ਜਿਸ ਸਬੰਧੀ ਪੀਨਲ ਸੀ.ਏ. ਪਾਉਣ ਦੀਆਂ ਹਦਾਇਤਾਂ ਹਨ।
2) ਲੜੀ ਨੰਬਰ 2 ਸਬੰਧੀ ਯੂਜਰ ਏਜੰਸੀ ਵੱਲੋਂ ਕੇਸ ਇਸ ਦਫਤਰ ਵਿਖੇ ਅਪਲਾਈ ਕੀਤਾ ਗਿਆ ਹੈ, ਯੂਜਰ ਏਜੰਸੀ ਵੱਲੋਂ ਅਪਰੋਚ ਰੋਡ ਵਰਤਣ ਨਾਲ ਵਣ ਵਿਭਾਗ ਦਾ ਰਕਬਾ ਅਤੇ ਰੁੱਖ ਪ੍ਰਭਾਵਿਤ ਹੁੰਦੇ ਹਨ ਜਿਸ ਕਰਕੇ ਵਣ ਵਿਭਾਗ ਦਾ ਰਕਬਾ ਉਕਤ ਸਬੰਧੀ ਪ੍ਰਭਾਵਿਤ ਹੋਵੇਗਾ। ਇਸ ਸਬੰਧੀ ਯੂਜਰ ਏਜੰਸੀ ਵੱਲੋਂ ਦਿੱਤਾ ਗਿਆ ਜਵਾਬ ਪਾਰਟ 2 ਵਿੱਚ ਅਪਲੋਡ ਕਰ ਦਿੱਤਾ ਗਿਆ ਹੈ।
3) ਲੜੀ ਨੰਬਰ 3 ਸਬੰਧੀ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ 3 ਰੁੱਖ Alstonia ਅਤੇ 1 ਰੁੱਖ Gulmohar ਦਾ ਪ੍ਰਭਾਵਿਤ ਹੋਵੇਗਾ। Alstonia ਦੀ ਉਮਰ ਲਗਭਗ 4-5 ਸਾਲ ਹੈ ਅਤੇ Gulmohar ਦੀ 7 ਸਾਲ ਹੈ। ਇਹ ਰੁੱਖ ਯੂਜਰ ਏਜੰਸੀ ਦੀ ਅਪਰੋਚ ਰੋਡ ਵਿੱਚ ਆਉਂਦੇ ਹਨ। ਇਸ ਕਰਕੇ ਇਹ ਪ੍ਰਭਾਵਿਤ ਹੋ ਰਹੇ ਹਨ।

ਵਣ ਮੰਡਲ ਅਫਸਰ,
ਪਟਿਆਲਾ।

ਪਿੱਠ ਅੰਕਣ ਨੰਬਰ: 3749 ਮਿਤੀ: 18-7-22

ਕਾਪੀ ਵਣ ਪਾਲ,ਸਾਊਥ ਸਰਕਲ,ਪਟਿਆਲਾ ਜੀ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ।

ਵਣ ਮੰਡਲ ਅਫਸਰ,
ਪਟਿਆਲਾ।

ਸੇਵਾ ਵਿਖੇ

ਵਣ ਮੰਡਲ ਅਫਸਰ,

ਪਟਿਆਲਾ।

**ਵਿਸ਼ਾ:** **Diversion of 0.0244 ha of forest land permission for construction of approach Access CNG station of IRM Energy Private Limited at Vill: Attewali Tehsil & Distt: Fatehgarh Sahib, under Forest Division, Patiala. FP/PB/Approach/151976/2022.**

ਸ਼੍ਰੀਮਾਨ ਜੀ,

ਬੇਨਤੀ ਹੈ ਕਿ ਰਾਜ ਸਰਕਾਰ ਵੱਲੋਂ ਮੇਰੇ ਕੇਸ ਸਬੰਧੀ ਕੁੱਝ ਇਤਰਾਜ ਲਗਾਏ ਗਏ ਹਨ, ਜਿਨ੍ਹਾਂ ਨੂੰ ਮੈਂ ਹੇਠ ਲਿਖੇ ਅਨੁਸਾਰ ਦੂਰ ਕਰਕੇ ਆਪ ਜੀ ਦੇ ਦਫਤਰ ਵਿੱਚ ਦੇ ਰਿਹਾ ਹਾਂ। ਕਿਰਪਾ ਕਰਕੇ ਮੇਰੇ ਕੇਸ ਸਬੰਧੀ ਅਗਲੇਰੀ ਯੋਗ ਕਾਰਵਾਈ ਕੀਤੇ ਜਾਣ ਦੀ ਖੇਚਲ ਕੀਤੀ ਜਾਵੇ ਜੀ।

1. ਇਸ ਦਾ ਸਬੰਧ ਆਪ ਜੀ ਦੇ ਦਫਤਰ ਨਾਲ ਹੈ।

2. ਪ੍ਰਭਾਵਿਤ ਹੋਣ ਵਾਲੇ ਰਕਬੇ ਸਬੰਧੀ ਸਪੱਸ਼ਟ ਕੀਤਾ ਜਾਂਦਾ ਹੈ ਕਿ P.W.D. ਵਿਭਾਗ ਵੱਲੋਂ ਪ੍ਰਵਾਨ ਕੀਤੇ ਗਏ ਲੇ-ਆਊਟ ਪਲੈਨ ਅਤੇ I.R.C. ਗਾਈਡ ਲਾਈਨਜ਼ ਅਨੁਸਾਰ C.N.G. ਸਟੇਸ਼ਨ ਦੀ ਅਪ੍ਰੋਚ ਰੋਡ ਲਈ ਸਰਵਿਸ ਰੋਡ ਬਣਾਈ ਜਾਣੀ ਹੈ। ਇਸ ਲਈ C.N.G. ਸਟੇਸ਼ਨ ਵਾਸਤੇ 0.0244 ਹੈਕਟਰ ਵਣ ਰਕਬਾ ਪ੍ਰਭਾਵਿਤ ਹੁੰਦਾ ਹੈ। ਇਸ ਨੂੰ ਮੁੱਖ ਰੱਖਦੇ ਹੋਏ ਕ੍ਰਿਪਾ ਕਰਕੇ ਇਸ ਤਜਵੀਜ ਨੂੰ ਜਲਦ ਤੋਂ ਜਲਦ ਪ੍ਰਵਾਨ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

3. ਇਸ ਦਾ ਸਬੰਧ ਆਪ ਜੀ ਦੇ ਦਫਤਰ ਨਾਲ ਹੈ।

ਧੰਨਵਾਦ ਸਹਿਤ।

IRM ENERGY PVT. LTD. FATEHGARH SAHIB

ਆਪ ਜੀ ਦੇ ਸ਼ੁਭਚਿੰਤਕ,

ਮਿਤੀ: 06.07.2022

ਸ੍ਰੀ ਪ੍ਰਸ਼ਾਤ ਸਾਗਰ,
ਅਸਿਸਟੈਂਟ ਵਾਈਸ ਪ੍ਰੈਜੀਡੈਂਟ
ਆਈ.ਆਰ.ਐੱਮ. ਹਾਊਸ,

COUNTERSIGNED
D.F.O., PATIALA

FCA
8/7/2022
305/
7-7-22